# ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ-ਕਮ-ਐਸ.ਪੀ.ਡੀ

ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ, ਪੰਜਾਬ

ਪੰਜਵੀ ਮੰਜਿਲ, ਈ ਬਲਾਕ, ਸਿੱਖਿਆ ਭਵਨ, ਫੇਜ਼-8 ਐਸ.ਏ.ਐਸ ਨਗਰ, ਪੰਜਾਬ-160062

ਵੈਬਸਾਇਟ www.ssapunjab.org ਫੋਨ ਨੰ:0172-5212322


ਵੱਲ

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ) (ਨੋਟਿਸ ਬੋਰਡ ਰਾਹੀਂ)
2. ਸਮੂਹ ਪ੍ਰਿੰਸੀਪਲ, ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਵਾਂ, ਪੰਜਾਬ (ਵੈਬਸਾਈਟ ਰਾਹੀਂ)
3. ਸਮੂਹ ਸਕੂਲ ਮੁੱਖੀ (ਵੈਬਸਾਈਟ ਰਾਹੀਂ)

ਮੀਮੋ ਨੰ. RMSA/Plan/2018/369 ਮਿਤੀ: 05 / 01 / 2018

**ਵਿਸ਼ਾ:- ਸਕੂਲ/ਵਿੱਦਿਅਕ ਸੰਸਥਾਵਾਂ/ਹੋਸਟਲਾਂ ਨੂੰ ਤੰਬਾਕੂ ਫਰੀ ਬਣਾਉਣ ਸਬੰਧੀ ਹਦਾਇਤਾਂ।**

ਹਵਾਲਾ: Plan/RMSA/2016/12011 dated 16.08.2016, Plan/RMSA/2017/2631 dated 27.3.2017, RMSA/Plan/2017/12202 dated 2.11.2017

1.1 ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰਾਂ ਦੀ ਲਗਾਤਾਰਤਾ ਵਿੱਚ ਲਿਖਿਆ ਜਾਂਦਾ ਹੈ ਕਿ State Level Co-orination Committee (SLCC), State Level Task Force and State Level Montoring Committee (SLMC) ਦੀ ਮਿਤੀ 20-12-2017 ਨੂੰ ਹੋਈ ਮੀਟਿੰਗ ਵਿੱਚ ਵਿਭਾਗ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਅਜੇ ਵੀ ਕੁੱਝ ਸਕੂਲਾਂ ਦੇ 100 ਗਜ ਦੇ ਘੇਰੇ ਅੰਦਰ ਤੰਬਾਕੂ ਯੁਕਤ ਪਦਾਰਥਾਂ ਦੀ ਵਿਕਰੀ ਹੋ ਰਹੀ ਹੈ।

1.2 ਉਕਤ ਸਬੰਧੀ ਆਪ ਨੂੰ ਮੁੜ ਤੋਂ ਲਿਖਿਆ ਜਾਂਦਾ ਹੈ ਕਿ ਆਪ ਵੱਲੋਂ ਇਹ ਯਕੀਨੀ ਬਣਾਇਆ ਜਾਵੇ ਕਿ ਸਕੂਲ/ਵਿਦਿਅਕ ਸੰਸਥਾ ਦੀ ਬਾਹਰੀ ਦੀਵਾਰ ਦੇ 100 ਗਜ਼ ਦੇ ਘੇਰੇ ਅੰਦਰ ਤੰਬਾਕੂ ਯੁਕਤ ਪਦਾਰਥਾਂ (ਜਿਵੇਂ ਬੀੜੀ, ਸਿਗਰੇਟ, ਗੁਟਕਾ, ਤੰਬਾਕੂ ਆਦਿ) ਦੀ ਵਿਕਰੀ ਤਾਂ ਨਹੀਂ ਹੋ ਰਹੀ। ਜੇਕਰ ਸਕੂਲ ਤੋਂ 100 ਗਜ਼ ਦੇ ਘੇਰੇ ਅੰਦਰ ਤੰਬਾਕੂ ਯੁਕਤ ਪਦਾਰਥਾਂ ਦੀ ਵਿਕਰੀ ਹੋ ਰਹੀ ਹੈ ਤਾਂ ਇਨ੍ਹਾਂ ਪਦਾਰਥਾਂ ਦੀ ਵਿਕਰੀ ਨੂੰ ਤੁਰੰਤ ਬੰਦ ਕਰਵਾਇਆ ਜਾਵੇ। ਇਸ ਕੰਮ ਲਈ ਸਕੂਲ/ਵਿਦਿਅਕ ਸੰਸਥਾ ਵੱਲੋਂ ਪੁਲਿਸ ਅਤੇ ਪੰਚਾਇਤ/ਮਿਊਂਸਿਪਲ ਕਮੇਟੀ ਦੀ ਮਦਦ ਲਈ ਜਾ ਸਕਦੀ ਹੈ।

1.3 ਉਕਤ ਤੋਂ ਇਲਾਵਾ ਹਰ ਸਕੂਲ/ਵਿੱਦਿਅਕ ਸੰਸਥਾ ਵੱਲੋਂ ਹੇਠ ਲਿਖੇ ਅਨੁਸਾਰ ਵੀ ਕਾਰਵਾਈ ਕੀਤੀ ਜਾਵੇ:

- ਸਕੂਲ/ਸੰਸਥਾ/ਹੋਸਟਲ ਦੇ ਮੁੱਖ ਗੇਟ ਕੋਲ ਬਾਹਰੀ ਦੀਵਾਰ ਤੇ "ਤੰਬਾਕੂ ਮੁਕਤ ਸਕੂਲ"/ "ਤੰਬਾਕੂ ਮੁਕਤ ਸੰਸਥਾ"/ "ਤੰਬਾਕੂ ਮੁਕਤ ਹੋਸਟਲ" ਦਾ ਬੋਰਡ ਲਗਾਇਆ ਜਾਵੇ।
- ਸਕੂਲ/ਵਿਦਿਅਕ ਸੰਸਥਾਵਾਂ/ਹੋਸਟਲ ਦੇ ਅੰਦਰ ਅਤੇ 100 ਗਜ ਦੇ ਘੇਰੇ ਅੰਦਰ ਤੰਬਾਕੂ ਉਤਪਾਦਾਂ ਦੀ ਵਿਕਰੀ ਦੀ ਮਨਾਹੀ ਹੋਵੇ ਅਤੇ ਇਸ ਸਬੰਧੀ ਜਰੂਰੀ ਸੰਕੇਤ (sinage) ਸਕੂਲ ਦੇ ਮੁੱਖ ਗੇਟ ਅਤੇ ਬਾਹਰੀ ਦੀਵਾਰਾਂ ਤੇ ਦਰਸਾਏ ਜਾਣ।

- ਸਕੂਲ/ਸੰਸਥਾ/ਹੋਸਟਲ ਦੇ ਅਹਾਤੇ (ਕੈਂਪਸ) ਅੰਦਰ ਕੋਈ ਵੀ ਵਿਦਿਆਰਥੀ, ਅਧਿਆਪਕ, ਹੋਰ ਸਕੂਲ ਸਟਾਫ਼ ਅਤੇ ਬਾਹਰੋਂ ਆਉਣ ਵਾਲੇ ਵਿਅਕਤੀ ਕਿਸੇ ਵੀ ਤੰਬਾਕੂ ਉਤਪਾਦਾਂ ਦਾ ਸੇਵਨ ਨਹੀਂ ਕਰਨਗੇ।
- ਇਸ ਸਬੰਧੀ "No Smoking Area- Smoking Here is an Offence" "ਤੰਬਾਕੂਨੋਸ਼ੀ ਮੁਕਤ ਖੇਤਰ- ਇੱਥੇ ਤੰਬਾਕੂਨੋਸ਼ੀ ਕਰਨਾ ਅਪਰਾਧ ਹੈ" ਦੇ 60×30 ਸੈ.ਮੀ ਦੇ ਸੰਕੇਤ ਬੋਰਡ ਸਕੂਲ/ਹੋਸਟਲ ਦੇ ਅਹਾਤੇ ਅੰਦਰ ਦਰਸਾਏ ਜਾਣ।

1.4 ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

(signature)

**ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ**
**ਆਰ.ਐਮ.ਐਸ.ਏ ਪੰਜਾਬ**

ਮੀਮੋ ਨੰ. RMSA/Plan/2018/ ਮਿਤੀ: / /2018

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:

1. ਡੀ.ਪੀ.ਆਈ (ਸੈ.ਸਿ), ਪੰਜਾਬ
2. ਡੀ.ਪੀ.ਆਈ. (ਐ.ਸਿ), ਪੰਜਾਬ
3. ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ
4. ਸਟੇਟ ਪ੍ਰੋਗਰਾਮ ਅਫਸਰ, ਤੰਬਾਕੂ ਕੰਟਰੋਲ ਸੈੱਲ, ਪੰਜਾਬ

-ਸਹੀ-

**ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ**
**ਆਰ.ਐਮ.ਐਸ.ਏ ਪੰਜਾਬ**

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ) ਮਾਨਸਾ
ਯਾਦ ਪੱਤਰ ਨੰ: ਸੀ-11 ( ) ਤੰਬਾਕੂ/2017-18/ 216 ਮਿਤੀ ਮਾਨਸਾ 8/1/18
ਉਪਰੋਕਤ ਦਾ ਉਤਾਰਾ ਸਮੂਹ ਪ੍ਰਿੰਸੀਪਲ/ਮੁੱਖ-ਅਧਿਆਪਕ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਕਿ ਉਕਤ ਪੱਤਰ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ ਜੀ।

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ) ਮਾਨਸਾ।

2 of 2
Case Status : Search by Case Number
http://services.ecourts.gov.in/ecourtindia/cases/case_no.php?state...
Back

| | | | |
|---|---|---|---|
| 7 | 19-08-2016 | Copy of order | |
| 8 | 30-08-2016 | Copy of order | |
| 9 | 21-09-2016 | Copy of order | |